11 ਸ੍ਵੈਜੀਵਨੀ-ਅੰਸ਼ " ਚੰਡੀਗੜ੍ਹ ਵਿੱਚ ਨਿਯੁਕਤੀ " ਡਾਕਟਰ ਜਸਵੰਤ ਸਿੰਘ ਨੇਕੀ

ੳ ਵਸਤੂਨਿਸ਼ਠ ਪ੍ਰਸ਼ਨ

1. ਪ੍ਰਸ਼ਨ: 'ਆਪ- ਬੀਤੀਆਂ' ਪੁਸਤਕ ਵਿੱਚ ਦਰਜ ਡਾਕਟਰ ਜਸਵੰਤ ਸਿੰਘ ਨੇਕੀ ਦੁਆਰਾ ਰਚਿਤ ਸ੍ਵੈਜੀਵਨੀ-ਅੰਸ਼ ਦਾ ਨਾਂ ਦੱਸੋ ?

ਉੱਤਰ:ਚੰਡੀਗੜ੍ਹ ਵਿੱਚ ਨਿਯੁਕਤੀ ।

2. ਪ੍ਰਸ਼ਨ :ਲੇਖਕ ਨੂੰ ਕਿਸ ਸ਼ਹਿਰ ਨਾਲ ਪਿਆਰ ਸੀ ?

ਉੱਤਰ : ਦਿੱਲੀ ਸ਼ਹਿਰ ਨਾਲ ।

ਸਹੀ/ ਗਲਤ

3. ਪ੍ਰਸ਼ਨ:' ਡਾਕਟਰੀ ਦਾ ਵੱਡਾ ਸੰਸਥਾਨ' ਚਲਾਉਣ ਲਈ ਲੇਖਕ ਦੀ ਨਿਯੁਕਤੀ ਚੰਡੀਗੜ੍ਹ ਵਿਖੇ ਹੋ ਗਈ ।

ਉੱਤਰ : ਸਹੀ ।

4. ਪ੍ਰਸ਼ਨ:ਚੰਡੀਗੜ੍ਹ ਵਿੱਚ ਰਹਿੰਦਿਆਂ ਡਾਕਟਰ ਨੇਕੀ ਕੋਲ ਬਹੁਤ ਬੇਹੱਦ ਵਿਹਲ ਹੁੰਦੀ ਸੀ ?

ਉੱਤਰ : ਗ਼ਲਤ

ਖਾਲੀ ਸਥਾਨ ਭਰੋ:-----

5. ਉੱਦਮ ਤੋਂ ਬਿਨਾਂ ਜ਼ਿੰਦਗਾਨੀ ਸੁੰਨਸਾਨ ਹੈ ।
6. ਲੇਖਕ ਨੇ ਆਪਣੀ ਸ੍ਵੈਜੀਵਨੀ ਕਵਿਤਾ ਰੂਪ ਵਿੱਚ ਲਿਖੀ ਹੈ ।
7. ਪ੍ਰਸ਼ਨ: ਲੇਖਕ ਅਨੁਸਾਰ ਰੱਬ ਮਿੱਤ ਹੁੰਦਾ ਹੈ ?

ਉੱਤਰ : ਘਾਲਣਾ ਵਿੱਚ ਲੱਗਣ ਨਾਲ ।

ਪ੍ਰਸ਼ਨ: ਚੰਡੀਗੜ੍ਹ ਵਿੱਚ ਨਿਯੁਕਤੀ ਸ੍ਵੈਜੀਵਨੀ- ਅੰਸ਼ ਡਾਕਟਰ ਜਸਵੰਤ ਸਿੰਘ ਸੇਠੀ ਦੀ ਕਿਸ ਰਚਨਾ ਵਿੱਚੋਂ ਲਿਆ ਗਿਆ ਹੈ ?

ਉੱਤਰ : ਕੋਈ ਨਾਉਂ ਨਾ ਜਾਣੈ ਮੇਰਾ ।

ਅ ਦੱਸੋ

1. ਪ੍ਰਸ਼ਨ: ਡਾ ਜਸਵੰਤ ਸਿੰਘ ਨੇਕੀ ਨੇ ਚੰਡੀਗੜ੍ਹ ਕਿੰਨੇ ਸਾਲ ਕੰਮ ਕੀਤਾ ?ਇੱਥੇ ਰਹਿੰਦਿਆਂ ਉਸ ਦੀ ਜ਼ਿੰਦਗੀ ਕਿਹੋ ਜਿਹੀ ਸੀ ?

ਉੱਤਰ :ਡਾ ਜਸਵੰਤ ਸਿੰਘ ਨੇਕੀ ਨੇ ਚੰਡੀਗੜ੍ਹ ਤਿੰਨ ਸਾਲ ਕੰਮ ਕੀਤਾ ਇੱਥੇ ਉਸ ਦੀ ਜ਼ਿੰਦਗੀ ਬੜੀ ਰੁਝੀ ਹੋਈ ਸੀ ।ਵੱਡੇ ਹਸਪਤਾਲ ਵਿੱਚ ਕੰਮ ਕਰਦਿਆਂ ਉਹ ਦਿਨ ਰਾਤ ਕੰਮ ਵਿੱਚ ਲੱਗਾ ਰਹਿੰਦਾ। ਉਸ ਕੋਲ ਨਾ ਆਪਣੇ ਭਵਿੱਖ ਬਾਰੇ ਸੋਚਣ ਦੀ ਵਿਹਲ ਸੀ ਤੇ ਨਾ ਹੀ ਆਪਣੇ ਪਰਿਵਾਰ ਨਾਲ ਸਮਾਂ ਬਿਤਾਉਣ ਦੀ ਵਿਹਲ ਸੀ। ਉਹ ਹਰ ਵੇਲੇ ਘਾਲਣਾ ਵਿੱਚ ਹੀ ਲੱਗਾ ਰਹਿੰਦਾ ।ਲੇਖਕ ਨੂੰ ਲੱਗਦਾ ਕਿ ਉੱਦਮ ਹੀ ਜ਼ਿੰਦਗੀ ਹੈ। ਪਰਮਾਤਮਾ ਵੀ ਮਿਹਨਤ ਕਰਨ ਵਾਲੇ ਦਾ ਮਿੱਤ ਹੁੰਦਾ ਹੈ ।ਅਜਿਹੀ ਸੋਚ ਰੱਖਦਿਆਂ ਲੇਖਕ ਦਿਨ ਰਾਤ ਮਿਹਨਤ ਕਰਨ ਵਿੱਚ ਲੱਗਿਆ ਰਹਿੰਦਾ। ਜਿਸ ਕਰਕੇ ਉਸ ਨੂੰ ਜ਼ਰਾ ਵੀ ਵਿਹਲ ਨਾ ਮਿਲਦੀ ।ਇਸ ਪ੍ਰਕਾਰ ਚੰਡੀਗੜ੍ਹ ਰਹਿੰਦਿਆਂ ਉਸ ਨੇ ਤਿੰਨ ਸਾਲ ਬੜੇ ਰੁਝੇਵਿਆਂ ਭਰਪੂਰ ਗੁਜ਼ਾਰੇ ।

2 ਪ੍ਰਸ਼ਨ: ਚੰਡੀਗੜ੍ਹ ਵਿੱਚ ਨਿਯੁਕਤੀ ਉਪਰੰਤ ਲੇਖਕ ਨੇ ਆਪਣੇ ਰੁਝੇਵਿਆਂ ਬਾਰੇ ਕੀ ਦੱਸਿਆ ਹੈ ?

ਉੱਤਰ : ਜਦੋਂ ਲੇਖਕ ਦੀ ਨਿਯੁਕਤੀ ਚੰਡੀਗੜ੍ਹ ਹੋਈ ਤਾਂ ਇੱਥੇ ਉਹ ਹਰ ਵੇਲੇ ਆਪਣੇ ਕੰਮ ਵਿੱਚ ਰੁੱਝਿਆ ਰਹਿੰਦਾ ,ਕਿਉਂਕਿ ਪੀਜੀਆਈ ਇੱਕ ਵੱਡਾ ਡਾਕਟਰੀ ਸੰਸਥਾਨ ਸੀ। ਇੱਥੇ ਉਸ ਕੋਲ ਨਾ ਤਾਂ ਆਪਣੇ ਭਵਿੱਖ ਬਾਰੇ ਸੋਚਣ ਦੀ ਵਿਹਲ ਸੀ ਤੇ ਨਾ ਹੀ ਆਪਣੇ ਪਰਿਵਾਰ ਨਾਲ ਸਮਾਂ ਬਿਤਾਉਣ ਦੀ ਵਿਹਲ ਸੀ। ਉਹ ਸੁੱਤਾ ਜਾਗਦਾ ਮਿਹਨਤ ਕਰਨ ਦੇ ਸੁਪਨੇ ਲੈਂਦਾ, ਭਾਵੇਂ ਉਸ ਦੇ ਹੱਥ ਕੰਮ ਵਿੱਚ ਲੱਗੇ ਰਹਿੰਦੇ, ਪਰ ਚਿੱਤ ਪਰਮਾਤਮਾ ਵਿੱਚ ਲੱਗਿਆ ਲੱਗਾ ਰਹਿੰਦਾ। ਕੰਮ ਵਿੱਚ ਲੱਗਿਆਂ ਉਸ ਨੂੰ ਰਤਾ ਵੀ ਵਿਹਲ ਨਹੀਂ ਸੀ, ਪਰ ਉਹ ਕਵਿਤਾ ਲਿਖਣੀ ਚਾਹੁੰਦਾ ਸੀ। ਜਿਸ ਕਰਕੇ ਉਸ ਨੇ ਆਪ- ਬੀਤੀ ਕਵਿਤਾ ਰੂਪ ਵਿੱਚ ਲਿਖਣੀ ਸ਼ੁਰੂ ਕੀਤੀ। ਲੇਖਕ ਚੰਡੀਗੜ੍ਹ ਬਿਤਾਏ ਤਿੰਨ ਸਾਲਾਂ ਨੂੰ ਆਪਣੇ ਕਰਮਸ਼ੀਲ ਸਾਲ ਗਿਣਦਾ ਹੈ ।ਜੋ ਉਸ ਨੂੰ ਕਿਸਮਤ ਨਾਲ ਮਿਲੇ ਹਨ ।

3ਪ੍ਰਸ਼ਨ:ਇਸ ਸਵੈਜੀਵਨੀ ਅੰਸ਼ ਵਿੱਚ ਲੇਖਕ ਨੇ ਉੱਦਮ ਦੀ ਪ੍ਰਸੰਸਾ ਕਿਵੇਂ ਕੀਤੀ ਹੈ

ਉੱਤਰ : ਲੇਖਕ ਅਨੁਸਾਰ ਉੱਦਮ ਹੀ ਜ਼ਿੰਦਗੀ ਤੇ ਉੱਦਮ ਹੀ ਸ਼ਾਨ ਹੈ। ਉੱਦਮ ਤੋਂ ਬਗੈਰ ਜ਼ਿੰਦਗੀ ਸੁੰਨਸਾਨ ਹੈ। ਉੱਦਮ ਨਾਲ ਹੀ ਪੰਛੀ ਆਪਣੇ ਖੰਭ ਫੈਲਾ ਕੇ ਅਸਮਾਨ ਤੱਕ ਪਹੁੰਚਦੇ ਹਨ ।ਉੱਦਮੀ ਮਨੁੱਖ ਨੂੰ ਕੋਈ ਚਿੰਤਾ ਨਹੀਂ ਸਤਾਉਂਦੀ। ਰੱਬ ਵੀ ਉੱਦਮ ਕਰਨ ਵਾਲੇ ਦਾ ਸਾਥ ਦਿੰਦਾ ਹੈ। ਉੱਦਮ ਕਰਕੇ ਹੀ ਮਨੁੱਖ ਸਫਲਤਾ ਪ੍ਰਾਪਤ ਕਰ ਸਕਦਾ ਹੈ ।

4 ਪ੍ਰਸ਼ਨ:ਚੰਡੀਗੜ੍ਹ ਵਿੱਚ ਨਿਯੁਕਤੀ ਸਵੈਜੀਵਨੀ ਅੰਸ਼ ਵਿੱਚ ਲੇਖਕ ਨੇ ਕਾਲ ਦੇ ਮਹੱਤਵ ਵਿੱਚ ਜੋ ਕੁਝ ਕਿਹਾ ਹੈ ਉਹ ਆਪਣੇ ਸ਼ਬਦਾਂ ਵਿੱਚ ਲਿਖੋ ।

ਉੱਤਰ :ਲੇਖਕ ਅਨੁਸਾਰ ਕਾਲ ਦਾ ਮਨੁੱਖ ਦੇ ਜੀਵਨ ਵਿੱਚ ਅਹਿਮ ਸਥਾਨ ਹੈ ਕਾਲ ਦੇ ਮਿੱਥੇ ਅਨੁਸਾਰ ਹੀ ਮਨੁੱਖ ਇੱਕ ਥਾਂ ਤੋਂ ਦੂਜੀ ਥਾਂ ਜਾਂਦਾ ਹੈ । ਕਾਲ ਨਾਲ ਨਿਭਣਾ ਕੋਈ ਸੌਖਾ ਨਹੀਂ ਹੁੰਦਾ। ਕਾਲ ਦੇ ਥੇਹਾਂ ਉੱਤੇ ਅਨੰਤਤਾ ਦੇ ਮਹਿਲ ਉਸਰੇ ਪਏ ਹਨ ।ਕਾਲ ਦੇ ਕਾਰਨ ਹੀ ਕਿਸੇ ਪਿਆਰੇ ਨਾਲ ਮਿਲਾਪ ਜਾਂ ਵਿਛੋੜਾ ਹੁੰਦਾ ਹੈ। ਕਾਲ ਦੇ ਨਾਲ ਹੀ ਖੁਸ਼ੀ ਤੇ ਬਿਰਹਾ ਦੇ ਗੀਤ ਬਣਦੇ

ਹਾਂ ਜਦੋਂ ਤੱਕ ਕਾਲ ਕਿਸੇ ਨੂੰ ਇੱਕ ਥਾਂ ਟਿਕਾ ਕੇ ਬਿਠਾ ਨਹੀਂ ਦਿੰਦਾ ਉਦੋਂ ਤੱਕ ਕਿਸੇ ਇੱਕ ਥਾਂ ਨਾਲ ਬੱਝੇ ਉਦੋਂ ਤੱਕ ਉੱਥੇ ਰਹਿਣਾ ਮੁਸ਼ਕਿਲ ਹੋ ਜਾਂਦਾ ਹੈ। ਜਿਸ ਪ੍ਰਕਾਰ ਕਾਲ ਦੇ ਕਾਰਨ ਹੀ ਲੇਖਕ ਦੀ ਬਦਲੀ ਦਿੱਲੀ ਤੋਂ ਚੰਡੀਗੜ੍ਹ ਹੋ ਗਈ ਸੀ ।

5 ਪ੍ਰਸ਼ਨ :ਚੰਡੀਗੜ੍ਹ ਵਿੱਚ ਨਿਯੁਕਤੀ ਸਵੈਜੀਵਨੀ ਅੰਸ਼ ਵਿੱਚੋਂ ਲੇਖਕ ਦੀ ਕਿਹੋ ਜਿਹੀ ਸ਼ਖ਼ਸੀਅਤ ਉੱਭਰਦੀ ਹੈ ?

ਉੱਤਰ :ਇਸ ਸ੍ਵੈ- ਜੀਵਨੀ ਅੰਸ਼ ਵਿੱਚੋਂ ਸਾਨੂੰ ਪਤਾ ਲੱਗਦਾ ਹੈ ਕਿ ਲੇਖਕ ਇੱਕ ਉੱਚ ਸਿੱਖਿਆ ਪ੍ਰਾਪਤ ਡਾਕਟਰ ਹੈ ।ਉਹ ਦਿੱਲੀ ਦੇ ਏਮਜ਼ ਹਸਪਤਾਲ ਵਿੱਚ ਕੰਮ ਕਰਦਾ ਹੈ ।ਜਿੱਥੋਂ ਉਸ ਦੀ ਬਦਲੀ ਚੰਡੀਗੜ੍ਹ ਪੀ.ਜੀ.ਆਈ.ਵਿੱਚ ਵੱਡੀ ਡਾਕਟਰੀ ਸੰਸਥਾ ਨੂੰ ਚਲਾਉਣ ਲਈ ਹੋ ਜਾਂਦੀ ਹੈ, ਜਿੱਥੇ ਉਸ ਨੇ ਤਿੰਨ ਸਾਲ ਦਿਨ ਰਾਤ ਉਸ ਸੰਸਥਾ ਨੂੰ ਚਲਾਉਣ ਲਈ ਮਿਹਨਤ ਕੀਤੀ ।ਇੱਥੇ ਉਸ ਨੇ ਬੜੀ ਘਾਲਣਾ ਘਾਲੀ। ਉਹ ਦਿਨ ਰਾਤ ਕੰਮ ਵਿੱਚ ਲੱਗਾ ਰਹਿੰਦਾ। ਉਸ ਕੋਲ ਆਪਣੇ ਪਰਿਵਾਰ ਦੀ ਖ਼ਬਰ ਸਾਰ ਲੈਣ ਦੀ ਵੀ ਵਿਹਲ ਨਹੀਂ ਸੀ ।ਉਹ ਸੁੱਤਾ ਜਾਗਦਾ ਮਿਹਨਤ ਕਰਨ ਦੇ ਸੁਪਨੇ ਲੈਂਦਾ ਉਸ ਦੇ ਹੱਥ ਕੰਮ ਵਿੱਚ ਲੱਗੇ ਹੁੰਦੇ ਤੇ ਚਿੱਤ ਪਰਮਾਤਮਾ ਵਿੱਚ ਲੱਗਾ ਹੁੰਦਾ। ਇੰਨਾ ਰੁੱਝਿਆ ਹੋਇਆ ਵੀ ਉਹ ਕਵਿਤਾ ਲਿਖਣੀ ਚਾਹੁੰਦਾ ਸੀ ।ਜਿਸ ਕਰਕੇ ਉਸ ਨੇ ਆਪਣੀ ਸਵੈ ਜੀਵਨੀ ਕਵਿਤਾ ਰੂਪ ਵਿੱਚ ਲਿਖਣੀ ਸ਼ੁਰੂ ਕੀਤੀ। ਜੋ ਬਾਅਦ ਵਿੱਚ ਕਈ ਦਹਾਕਿਆਂ ਬਾਅਦ ਜਾ ਕੇ ਪੂਰੀ ਹੋਈ ।

ਸੋ ਇਹ ਸਵੈਜੀਵਨੀ ਅੰਸ਼ ਪੜ੍ਹ ਕੇ ਸਾਨੂੰ ਪਤਾ ਲੱਗਦਾ ਹੈ ਕਿ ਲੇਖਕ ਇੱਕ ਉੱਚ ਕੋਟੀ ਦਾ ਮਿਹਨਤੀ ਡਾਕਟਰ ਤੇ ਇੱਕ ਕੁਸ਼ਲ ਪ੍ਰਬੰਧਕ ਹੋਣ ਦੇ ਨਾਲ ਨਾਲ ਇੱਕ ਕਵੀ ਵੀ ਹੈ ।

ਤਿਆਰ ਕਰਤਾ: ਰਾਜਵਿੰਦਰ ਕੌਰ

ਪੰਜਾਬੀ ਲੈਕਚਰਾਰ ਸਰਦਾਰ ਦਰਬਾਰਾ ਸਿੰਘ ਮੈਮੋਰੀਅਲ ਗੌਰਮਿੰਟ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਮਲਸੀਆਂ, ਜਲੰਧਰ ।

ਸਹਾਇਕ ਸਮੱਗਰੀ: ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਪ੍ਰਕਾਸ਼ਿਤ ਪੁਸਤਕ ਆਪ ਬੀਤੀਆਂ